ਪੰਜਾਬ ਵਿਧਾਨ ਸਭਾ

**2023 ਦਾ ਬਿਲ ਨੰ.18-ਪੀ.ਐਲ.ਏ-2023**

**ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2023**

ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਵਿੱਚ ਹੋਰ ਸੋਧ ਕਰਨ ਲਈ ।

ਬਿਲ

ਇਹ ਕਾਨੂੰਨ ਭਾਰਤ ਗਣਰਾਜ ਦੇ 74ਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਅਨੁਸਾਰ ਬਣਾਇਆ ਜਾਵੇ:-

ਸੰਖੇਪ ਸਿਰਲੇਖ ਅਤੇ ਆਰੰਭ।

1. (1) ਇਸ ਐਕਟ ਨੂੰ ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਐਕਟ, 2023 ਕਿਹਾ ਜਾ ਸਕਦਾ ਹੈ।

(2) ਇਹ ਸਰਕਾਰੀ ਗਜ਼ਟ ਵਿੱਚ ਛਪਣ ਦੀ ਮਿਤੀ ਨੂੰ ਅਤੇ ਉਸ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਸਾਲ 2003 ਦੇ ਪੰਜਾਬ ਐਕਟ 11 ਦੀ ਧਾਰਾ 4 ਵਿੱਚ ਸੋਧ ਕਰਨਾ।

2. ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 4 ਵਿੱਚ,-

(i) ਉਪ ਧਾਰਾ (2) ਵਿੱਚ, ਖੰਡ (ੳ), (ਅ) ਅਤੇ (ੲ) ਦੀ ਥਾਂ ਤੇ, ਨਿਮਨ ਲਿਖਤ ਖੰਡ ਦਰਜ਼ ਕੀਤੇ ਜਾਣਗੇ, ਅਰਥਾਤ:-

"(ੳ) ਕਿਸੇ ਸਾਲ ਵਿੱਚ ਵਿੱਤੀ ਘਾਟੇ ਨੂੰ, ਕੁੱਲ ਰਾਜ ਘਰੇਲੂ ਉਤਪਾਦ (GSDP) ਦੇ ਪ੍ਰਤੀਸ਼ਤ ਦੇ ਰੂਪ ਵਿੱਚ, ਉਸ ਵਿਸ਼ੇਸ਼ ਸਾਲ ਵਿੱਚ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਕੀਤੀ ਸਿਫ਼ਾਰਸ਼ ਅਤੇ ਭਾਰਤ ਸਰਕਾਰ ਦੁਆਰਾ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਰੱਖਿਆ ਜਾਵੇਗਾ;

(ਅ) ਕਿਸੇ ਸਾਲ ਵਿੱਚ ਮਾਲੀ ਘਾਟੇ ਨੂੰ, ਕੁੱਲ ਰਾਜ ਘਰੇਲੂ ਉਤਪਾਦ (GSDP) ਦੇ ਪ੍ਰਤੀਸ਼ਤ ਦੇ ਰੂਪ ਵਿੱਚ, ਉਸ ਵਿਸ਼ੇਸ਼ ਸਾਲ ਵਿੱਚ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਕੀਤੀ ਸਿਫ਼ਾਰਸ਼ ਅਤੇ ਭਾਰਤ ਸਰਕਾਰ ਦੁਆਰਾ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਰੱਖਿਆ ਜਾਵੇਗਾ;

(ੲ) ਕਿਸੇ ਸਾਲ ਵਿੱਚ ਕਰਜ਼ੇ ਨੂੰ, ਕੁੱਲ ਰਾਜ ਘਰੇਲੂ ਉਤਪਾਦਨ ਦੇ ਪ੍ਰਤੀਸ਼ਤ ਦੇ ਰੂਪ ਵਿੱਚ, ਉਸ ਵਿਸ਼ੇਸ਼ ਸਾਲ ਵਿੱਚ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਕੀਤੀ ਸਿਫ਼ਾਰਸ਼ ਅਤੇ ਭਾਰਤ ਸਰਕਾਰ ਦੁਆਰਾ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਰੱਖਿਆ ਜਾਵੇਗਾ; ਅਤੇ"; ਅਤੇ

(ii) ਉਪ ਧਾਰਾ (5) ਅਤੇ (6) ਦੀ ਥਾਂ ਤੇ ਨਿਮਨ ਲਿਖਤ ਉਪ ਧਾਰਾਵਾਂ ਦਰਜ਼ ਕੀਤੀਆਂ ਜਾਣਗੀਆਂ, ਅਰਥਾਤ:-

"(5) ਉਪ-ਧਾਰਾ (2) ਵਿੱਚ ਦਰਜ ਕਿਸੇ ਵੀ ਉਪਬੰਧ ਦੇ ਬਾਵਜੂਦ, ਅੰਦਰੂਨੀ ਗੜਬੜ ਜਾਂ ਕੁਦਰਤੀ ਆਫ਼ਤ ਜਾਂ ਰਾਸ਼ਟਰੀ ਸੁਰੱਖਿਆ ਜਾਂ ਰਾਜ ਸਰਕਾਰ ਵੱਲੋਂ ਨਿਰਧਾਰਤ ਹੋਰ ਅਜਿਹੇ ਅਸਾਧਾਰਣ ਹਾਲਾਤਾਂ ਦੇ ਅਧਾਰ ਤੇ ਰਾਜ ਸਰਕਾਰ ਦੇ ਵਿੱਤ ਤੇ ਅਣਕਿਆਸੀਆਂ ਮੰਗਾਂ ਕਾਰਨ, ਮਾਲੀ ਘਾਟਾ ਅਤੇ ਵਿੱਤੀ ਘਾਟਾ ਭਾਰਤ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਿਤ ਕੀਤੀ

ਗਈ ਸੀਮਾ ਨਾਲੋਂ ਵੱਧ ਸਕਦਾ ਹੈ।

(6) ਜੇਕਰ ਉਪ-ਧਾਰਾ (2) ਵਿੱਚ ਦਰਸਾਏ ਗਏ ਮਾਲੀ ਘਾਟੇ ਅਤੇ ਵਿੱਤੀ ਘਾਟੇ ਦੇ ਟੀਚੇ ਉਪ-ਧਾਰਾ (5) ਵਿੱਚ ਦਰਸਾਏ ਆਧਾਰ ਕਾਰਨ ਪੂਰੇ ਨਾ ਕੀਤੇ ਜਾ ਸਕਦੇ ਹੋਣ, ਤਾਂ ਰਾਜ ਸਰਕਾਰ ਉਸ ਆਪਦਾ ਦੀ ਨਿਰੋਲ ਵਿੱਤੀ ਲਾਗਤ ਦਾ ਹਿਸਾਬ ਲਗਾਵੇਗੀ ਅਤੇ ਉਹ ਲਾਗਤ ਨਿਰਧਾਰਿਤ ਸੀਮਾਵਾਂ ਦੀ ਉਲੰਘਣਾ ਕਰਨ ਦੀ ਹੱਦ ਨਿਰਧਾਰਤ ਕਰੇਗੀ।"

## ਪੰਜਾਬ ਵਿੱਤੀ ਜਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ, 2003 ਵਿੱਚ ਸੋਧ ਕਰਨ ਲਈ ਕਾਰਣਾਂ ਅਤੇ ਟੀਚਿਆਂ ਲਈ ਬਿਆਨ

ਭਾਰਤ ਸਰਕਾਰ ਹਰ ਸਾਲ ਰਾਜਾਂ ਨੂੰ ਸਾਲਾਨਾ ਬੌਰੋਇੰਗ ਸੀਲਿੰਗ ਬਾਰੇ ਸੂਚਿਤ ਕਰਦੀ ਹੈ, ਜਿਸ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਕਰਜ਼ੇ ਦੀ ਸੀਮਾ ਨਿਰਧਾਰਤ ਕਰਦੀ ਹੈ ਅਤੇ ਇਸ ਦਾ ਲਾਭ ਲੈਣ ਲਈ ਰਾਜਾਂ ਵੱਲੋਂ ਆਪਣੇ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟਾਂ ਵਿੱਚ ਸੋਧ ਕਰਨਾ ਲਾਜ਼ਮੀ ਕਰਦੀ ਹੈ।

2. ਵਿੱਤੀ ਸਾਲ 2019-2020, 2020-2021, 2021-2022 ਅਤੇ 2022-2023 ਵਿੱਚ ਭਾਰਤ ਸਰਕਾਰ ਵੱਲੋਂ ਸਿਰਫ ਐਕਟ ਦੀ ਧਾਰਾ 4 ਦੀ ਉਪ ਧਾਰਾ (2) ਦੇ ਵਿੱਤੀ ਘਾਟੇ ਦੀ ਸੀਮਾ ਨਾਲ ਸਬੰਧਤ ਖੰਡ (ੳ) ਵਿੱਚ ਸੋਧ ਲਾਜ਼ਮੀ ਕੀਤੀ ਗਈ ਸੀ, ਜਦੋਂ ਕਿ ਮਾਲੀ ਘਾਟੇ ਦੀ ਸੀਮਾ ਨਾਲ ਸਬੰਧਤ ਖੰਡ (ਅ) ਅਤੇ ਕੁੱਲ ਰਾਜ ਘਰੇਲੂ ਉਤਪਾਦਨ ਅਤੇ ਕਰਜ਼ੇ ਦੇ ਅਨੁਪਾਤ ਨਾਲ ਸਬੰਧਤ ਖੰਡ (ੲ) ਵਿੱਚ ਸਾਲ 2011 ਤੋਂ ਬਾਅਦ ਕੋਈ ਸੋਧ ਨਹੀਂ ਕੀਤੀ ਗਈ, ਕਿਉਂਜੋ ਭਾਰਤ ਸਰਕਾਰ ਵੱਲੋਂ ਸਾਲ 2011 ਉਪਰੰਤ ਇਹਨਾਂ ਖੰਡਾਂ ਵਿੱਚ ਕੋਈ ਸੋਧ ਲਾਜ਼ਮੀ ਨਹੀਂ ਕੀਤੀ ਗਈ। ਸਾਲ 2020 ਤੋਂ, ਕੇਂਦਰ ਅਤੇ ਰਾਜ ਦੋਵਾਂ ਦੀ ਕਰਜੇ ਦੀ ਸਥਿਤੀ ਕੋਵਿਡ ਨਾਲ ਬਹੁਤ ਪ੍ਰਭਾਵਿਤ ਹੋਈ ਹੈ। ਰਾਜ ਅਤੇ ਕੇਂਦਰ ਦੋਵਾਂ ਦੇ ਪੱਧਰ ਤੇ ਕਰਜ਼ੇ ਵਿੱਚ ਕਾਫ਼ੀ ਵਾਧਾ ਹੋਇਆ ਹੈ। ਨਾਲ ਹੀ ਭਾਰਤ ਸਰਕਾਰ ਰਾਜਾਂ ਨੂੰ ਨਵੀਆਂ ਕਰਜ਼ਾ ਸਕੀਮਾਂ ਦੀ ਪ੍ਰਵਾਨਗੀ ਦੇ ਰਹੀ ਹੈ, ਜਿਵੇਂ ਕਿ, ਸਕੀਮ ਫਾਰ ਸਪੈਸ਼ਲ ਅਸਿਸਟੈਂਸ ਫਾਰ ਕੈਪੀਟਲ ਇਨਵੈਸਟਮੈਂਟ; ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਯੋਗਦਾਨ ਦੇ ਬਦਲੇ ਵਾਧੂ ਬੌਰੋਇੰਗ ਸੀਲਿੰਗ ਦੀ ਪ੍ਰਵਾਨਗੀ ਅਤੇ 2020-21 ਤੋਂ GST ਮੁਆਵਜ਼ੇ ਨੂੰ ਗ੍ਰਾਂਟ ਦੀ ਥਾਂ ਕਰਜਾ ਮੰਨਣਾ। ਨਤੀਜੇ ਵਜੋਂ, ਧਾਰਾ 4 ਦੇ ਕੁਝ ਖੰਡਾਂ ਵਿੱਚ ਇਕਸਾਰਤਾ ਲਿਆਉਣ ਦੀ ਲੋੜ ਹੈ।

3. ਇਸ ਲਈ ਪੰਜਾਬ ਸਰਕਾਰ ਵੱਲੋਂ ਆਪਣੇ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੇ ਕੁਝ ਖੰਡਾਂ ਵਿੱਚ ਸੋਧ ਕਰਨ ਦੀ ਲੋੜ ਹੈ, ਤਾਂ ਜੋ ਇਹਨਾਂ ਵਿੱਚ ਇਕਸਾਰਤਾ ਆ ਜਾਵੇ ਅਤੇ ਐਕਟ ਵਿੱਚ ਹਰ ਸਾਲ ਸੋਧ ਕਰਨ ਦੀ ਲੋੜ ਵੀ ਨਾ ਰਹੇ ।

**(ਹਰਪਾਲ ਸਿੰਘ ਚੀਮਾ)**
**ਵਿੱਤ ਮੰਤਰੀ, ਪੰਜਾਬ**

## ਵਿੱਤੀ ਪ੍ਰਭਾਵ

ਭਾਰਤ ਸਰਕਾਰ ਹਰ ਸਾਲ ਰਾਜਾਂ ਨੂੰ ਸਾਲਾਨਾ ਬੌਰੋਇੰਗ ਸੀਲਿੰਗ ਬਾਰੇ ਸੂਚਿਤ ਕਰਦੀ ਹੈ, ਜਿਸ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਕਰਜ਼ੇ ਦੀ ਸੀਮਾ ਨਿਰਧਾਰਤ ਕਰਦੀ ਹੈ ਅਤੇ ਇਸ ਦਾ ਲਾਭ ਲੈਣ ਲਈ ਰਾਜਾਂ ਵੱਲੋਂ ਆਪਣੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟਾਂ ਵਿੱਚ ਸੋਧ ਕਰਨਾ ਲਾਜ਼ਮੀ ਕਰਦੀ ਹੈ।

2. ਵਿੱਤੀ ਸਾਲ 2019-2020, 2020-2021, 2021-2022 ਅਤੇ 2022-2023 ਵਿੱਚ ਭਾਰਤ ਸਰਕਾਰ ਵੱਲੋਂ ਸਿਰਫ ਐਕਟ ਦੀ ਧਾਰਾ 4 ਦੀ ਉਪ ਧਾਰਾ (2) ਦੇ ਵਿੱਤੀ ਘਾਟੇ ਦੀ ਸੀਮਾ ਨਾਲ ਸਬੰਧਤ ਖੰਡ (ੳ) ਵਿੱਚ ਸੋਧ ਲਾਜ਼ਮੀ ਕੀਤੀ ਗਈ ਸੀ, ਜਦੋਂ ਕਿ ਮਾਲੀ ਘਾਟੇ ਦੀ ਸੀਮਾ ਨਾਲ ਸਬੰਧਤ ਖੰਡ (ਅ) ਅਤੇ ਕੁੱਲ ਰਾਜ ਘਰੇਲੂ ਉਤਪਾਦਨ ਅਤੇ ਕਰਜ਼ੇ ਦੇ ਅਨੁਪਾਤ ਨਾਲ ਸਬੰਧਤ ਖੰਡ (ੲ) ਵਿੱਚ ਸਾਲ 2011 ਤੋਂ ਬਾਅਦ ਕੋਈ ਸੋਧ ਨਹੀਂ ਕੀਤੀ ਗਈ, ਕਿਉਂਜੋ ਭਾਰਤ ਸਰਕਾਰ ਵੱਲੋਂ ਸਾਲ 2011 ਉਪਰੰਤ ਇਹਨਾਂ ਖੰਡਾਂ ਵਿੱਚ ਕੋਈ ਸੋਧ ਲਾਜ਼ਮੀ ਨਹੀਂ ਕੀਤੀ ਗਈ। ਸਾਲ 2020 ਤੋਂ, ਕੇਂਦਰ ਅਤੇ ਰਾਜ ਦੋਵਾਂ ਦੀ ਕਰਜੇ ਦੀ ਸਥਿਤੀ ਕੋਵਿਡ ਨਾਲ ਬਹੁਤ ਪ੍ਰਭਾਵਿਤ ਹੋਈ ਹੈ। ਰਾਜ ਅਤੇ ਕੇਂਦਰ ਦੋਵਾਂ ਦੇ ਪੱਧਰ ਤੇ ਕਰਜ਼ੇ ਵਿੱਚ ਕਾਫ਼ੀ ਵਾਧਾ ਹੋਇਆ ਹੈ । ਨਾਲ ਹੀ ਭਾਰਤ ਸਰਕਾਰ ਰਾਜਾਂ ਨੂੰ ਨਵੀਆਂ ਕਰਜ਼ਾ ਸਕੀਮਾਂ ਦੀ ਪ੍ਰਵਾਨਗੀ ਦੇ ਰਹੀ ਹੈ, ਜਿਵੇਂ ਕਿ, ਸਕੀਮ ਫਾਰ ਸਪੈਸ਼ਲ ਅਸਿਸਟੈਂਸ ਫਾਰ ਕੈਪੀਟਲ ਇਨਵੈਸਟਮੈਂਟ; ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਯੋਗਦਾਨ ਦੇ ਬਦਲੇ ਵਾਧੂ ਬੌਰੋਇੰਗ ਸੀਲਿੰਗ ਦੀ ਪ੍ਰਵਾਨਗੀ ਅਤੇ 2020-21 ਤੋਂ GST ਮੁਆਵਜ਼ੇ ਨੂੰ ਗ੍ਰਾਂਟ ਦੀ ਥਾਂ ਕਰਜਾ ਮੰਨਣਾ ।ਨਤੀਜੇ ਵਜੋਂ, ਧਾਰਾ 4 ਦੇ ਕੁਝ ਖੰਡਾਂ ਵਿੱਚ ਇਕਸਾਰਤਾ ਨਹੀਂ ਰਹੀ ਹੈ।

3. ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 4 ਦੀ ਉਪ ਧਾਰਾ (2) ਦੇ ਖੰਡ (ੳ), (ਅ) ਅਤੇ (ੲ); ਉਪ ਧਾਰਾ (5) ਅਤੇ ਉਪ ਧਾਰਾ (6) ਵਿੱਚ ਤਜਵੀਜ਼ਤ ਸੋਧ ਦੇ ਸਿੱਟੇ ਵਜੋਂ ਐਕਟ ਦੇ ਇਹਨਾਂ ਖੰਡਾਂ ਵਿੱਚ ਇਕਸਾਰਤਾ ਆ ਜਾਵੇਗੀ, ਵਿੱਤੀ ਸਾਲ 2023-24 ਦੌਰਾਨ ਅਤੇ ਉਸ ਉਪਰੰਤ ਪੰਜਾਬ ਰਾਜ ਨੂੰ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਕੀਤੀ ਜਾਣ ਵਾਲੀਆਂ ਸਿਫ਼ਾਰਸ਼ਾਂ ਅਤੇ ਭਾਰਤ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ ਪ੍ਰਵਾਨਗੀ ਅਨੁਸਾਰ ਸਾਲਾਨਾ ਬੌਰੋਇੰਗ ਸੀਲਿੰਗ ਅਵੇਲ ਕਰਨ ਦੀ ਪਾਤਰਤਾ ਪ੍ਰਾਪਤ ਹੋਵੇਗੀ ਅਤੇ ਐਕਟ ਵਿੱਚ ਹਰ ਸਾਲ ਸੋਧ ਕਰਨ ਦੀ ਲੋੜ ਵੀ ਨਹੀਂ ਰਹੇਗੀ ।

---

ਰਾਜਪਾਲ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 207 ਦਾਆਂ ਕਲਾਜਾਂ (1) ਅਤੇ(3) ਦੀ ਪੈਰਵੀ ਵਿਚ, ਪੰਜਾਬ ਵਿਧਾਨ ਸਭਾ ਨੂੰ ਇਸ ਬਿਲ ਦੇ ਪੇਸ਼ ਕੀਤੇ ਜਾਣ ਅਤੇ ਇਸ ਤੇ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਹੈ ।

---

ਚੰਡੀਗੜ੍ਹ ਰਾਮ ਲੋਕ ਖਟਾਣਾ

22,ਨਵੰਬਰ 2023 ਸਕੱਤਰ।

---

ਵਿ.ਨੋ- ਉਪਰੋਕਤ ਬਿਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਰਜ ਸੰਚਾਲਣ ਨਿਯਮਾਵਲੀ ਦੇ ਨਿਯਮ 121 ਦੀ ਸ਼ਰਤੀ-ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਅਸਾਧਾਰਨ) ਮਿਤੀ 22, ਨਵੰਬਰ 2023 ਵਿਚ ਪ੍ਰਕਾਸ਼ਿਤ ਕੀਤਾ ਗਿਆ ।